# ਦਫਤਰ ਨਗਰ ਨਿਗਮ, ਕਪੂਰਥਲਾ

**ਨੋਟਿਸ ਅਧੀਨ ਧਾਰਾ 243/246(1) ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਹੇਠ**

**(ਅੰਤਿਮ ਨੋਟਿਸ)**

ਵੱਲ

ਸ਼੍ਰੀਮਤੀ ਲਖਵਿੰਦਰ ਕੌਰ ਪਤਨੀ ਸ਼੍ਰੀ ਬਲਵਿੰਦਰ ਸਿੰਘ,
ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ।

ਨੋਟਿਸ ਨੰ....249/ATP ਮਿਤੀ...25/3/2025

ਆਪ ਨੂੰ ਇਸ ਦਫਤਰ ਵੱਲੋਂ ਪਹਿਲਾਂ ਵੀ ਨੋਟਿਸ ਨੰ.2559 ਮਿਤੀ 07.03.2025 ਜਾਰੀ ਕੀਤਾ ਗਿਆ ਸੀ ਕਿ ਉਕਤ ਪਤੇ ਤੇ ਪੰਜਾਬ ਸਰਕਾਰ/ ਨਗਰ ਨਿਗਮ, ਕਪੂਰਥਲਾ ਦੀ ਜਗ੍ਹਾ ਤੇ ਮੁਦਾਖਲਤ ਕੀਤੀ ਹੈ ਕਿ ਜਿਸ ਦੇ ਕਰਨ ਦਾ ਆਪ ਨੂੰ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।ਆਪ ਨੂੰ ਉਕਤ ਸਬੰਧੀ ਮਲਕੀਤੀ ਦਸਤਾਵੇਜ/ ਪ੍ਰਵਾਨ ਸ਼ੁਦਾ ਨਕਸ਼ੇ ਦੀ ਮੰਗ ਕੀਤੀ ਗਈ ਸੀ ਅਤੇ ਆਪ ਨੂੰ ਮਿਤੀ 24.3.2025 ਨੂੰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਵੱਲੋਂ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ, ਪ੍ਰੰਤੂ ਆਪ ਨਿੱਜੀ ਸੁਣਵਾਈ ਤੇ ਹਾਜਰ ਨਹੀਂ ਹੋਏ, ਪਰ ਸ਼੍ਰੀਮਤੀ ਸਵਰਨ ਕੌਰ ਪਤਨੀ ਸ਼੍ਰੀ ਆਸਾ ਸਿੰਘ, ਪਿੰਡ ਨਵਾਂ ਪਿੰਡ ਭੱਠਾ, ਜਿਲ੍ਹਾ ਕਪੂਰਥਲਾ ਵੱਲੋਂ ਉਕਤ ਪ੍ਰਾਪਰਟੀ ਦੇ ਸਬੰਧ ਵਿੱਚ ਇਸ ਦਫਤਰ ਵੱਲੋਂ ਜਾਰੀ ਕੀਤੇ ਨੋਟਿਸ ਦਾ ਜੋ ਜਵਾਬ ਦਿੱਤਾ ਹੈ ਉਸ ਨੂੰ ਵਿਚਾਰਣ ਉਪਰੰਤ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਵੱਲੋਂ ਦਾਖਲ ਦਫਤਰ ਕਰਦੇ ਹੋਏ, ਉਕਤ ਉਸਾਰੀ ਨੂੰ 15 ਦਿਨਾਂ ਦੇ ਅੰਦਰ -ਅੰਦਰ ਖਾਲੀ ਕਰਨ ਅਤੇ ਗਿਰਾਉਣ ਦੇ ਹੁਕਮ ਜਾਰੀ ਕੀਤੇ ਹਨ।(ਹੁਕਮਾ ਦੀ ਕਾਪੀ ਨੱਥੀ) ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾਂ ਕੀਤੀ ਜਾਵੇ।

o/c ਸਹਾਇਕ ਨਗਰ ਯੋਜਨਾਕਾਰ,
ਨਗਰ ਨਿਗਮ,ਕਪੂਰਥਲਾ,

Created with Scanner Mini

# ਅੰਤਿਮ ਹੁਕਮ

ਨੰ: 2707 ਮਿਤੀ: 25/3/25

ਮੁੱਖ ਅਫਸਰ, ਥਾਣਾ ਸਿਟੀ, ਕਪੂਰਥਲਾ ਵੱਲੋਂ ਪੱਤਰ ਨੰ.122-5ਏ ਮਿਤੀ 06.03.2025 ਰਾਹੀਂ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ, ਵਿਰੁੱਧ ਪੱਤਰ ਜਾਰੀ ਕਰਦੇ ਹੋਏ ਇਸ ਦਫਤਰ ਨੂੰ ਲਿਖਿਆ ਕਿ ਇਹ ਉਕਤ ਪੱਤੇ ਤੇ ਰਹਿੰਦੀ ਹੈ ਅਤੇ ਸ਼ਰਾਬ ਵੇਚਣ ਦਾ ਕਾਰੋਬਾਰ ਕਰਦੀ ਹੈ ਅਤੇ ਇਸ ਨੇ ਸਰਕਾਰੀ ਜਗ੍ਹਾ ਤੇ ਕਬਜਾ ਕਰਕੇ ਘਰ ਬਣਾਇਆ ਹੋਇਆ ਹੈ, ਇਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਹ ਪੱਤਰ ਪ੍ਰਾਪਤ ਹੋਣ ਉਪਰੰਤ ਰੈਵੀਨਿਊਂ ਵਿਭਾਗ ਪਾਸੋਂ ਰਿਪੋਰਟ ਪ੍ਰਾਪਤ ਕੀਤੀ ਗਈ, ਜਿਸ ਤੇ ਵਿਭਾਗ ਵੱਲੋਂ ਲਿਖਿਆ ਕਿ ਇਸ ਦੋਸ਼ੀ ਦੇ ਨਾਮ ਤੇ ਕੋਈ ਵਾਹੀਯੋਗ ਜਮੀਨ ਨਹੀਂ ਹੈ ਅਤੇ ਦੋਸ਼ੀ ਦਾ ਘਰ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨੇੜੇ ਹੈ। ਇਹ ਜਮਾਂਬੰਦੀ ਕਪੂਰਥਲਾ ਸ਼ਰਕੀ ਸਾਲ 2015-2016 ਦੇ ਖੇਵਟ ਖਾਤਾ ਨੰ. 129/231 ਵਿੱਚ ਦਰਜ ਖਸਰਾ ਨੰ.3100 ਵਿੱਚ ਹੈ। ਜੋ ਕਿ ਮਾਲਕੀ ਪੰਜਾਬ ਸਰਕਾਰ ਦੀ ਹੈ ਅਤੇ ਖਾਨਾ ਕਾਸ਼ਤ ਵਿੱਚ ਮਕਬੂਜਾ ਮਹਿਕਮਾ ਨਗਰ ਪਾਲਿਕਾ, ਕਪੂਰਥਲਾ ਦਰਜ ਹੈ। ਜਿਸਦੇ ਅਧਾਰ ਤੇ ਇਸ ਦਫਤਰ ਵੱਲੋਂ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ ਨੂੰ ਪੱਤਰ ਨੰ.2559 ਮਿਤੀ 07.03.2025 ਜਾਰੀ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਕਿਉਂਜੋ ਉਨ੍ਹਾਂ ਵੱਲੋਂ ਉਕਤ ਪਤੇ ਤੇ ਪੰਜਾਬ ਸਰਕਾਰ/ ਨਗਰ ਨਿਗਮ, ਕਪੂਰਥਲਾ ਦੀ ਜਗ੍ਹਾ ਤੇ ਮੁਦਾਖਲਤ ਕੀਤੀ ਹੈ ਅਤੇ ਨੋਟਿਸ ਮਿਲਣ ਦੇ 15 ਦਿਨਾਂ ਦੇ ਅੰਦਰ- ਅੰਦਰ ਉਨ੍ਹਾਂ ਪਾਸ ਜੇਕਰ ਉਕਤ ਕਬਜੇ ਵਾਲੀ ਜਗ੍ਹਾ ਦੇ ਕੋਈ ਮਲਕੀਤੀ ਦਸਤਾਵੇਜ ਜਿਵੇ ਕਿ ਰਜਿਸਟਰੀ/ਜਮਾਂਬੰਦੀ/ ਸਰਕਾਰ ਵੱਲੋਂ ਕੀਤੀ ਅਲਾਟਮੈਂਟ ਦੀ ਕਾਪੀ/ ਉਕਤ ਪ੍ਰਾਪਰਟੀ ਦਾ ਨਗਰ ਨਿਗਮ ਵੱਲੋਂ ਪਾਸ ਕੀਤੇ ਨਕਸ਼ੇ ਦੀ ਕਾਪੀ ਹੋਵੇ ਤਾਂ ਉਹ ਦਸਤਾਵੇਜ ਇਸ ਦਫਤਰ ਵਿੱਚ ਨਿੱਜੀ ਪੱਧਰ ਤੇ ਹਾਜਰ ਹੋ ਕੇ ਪੇਸ਼ ਕਰ ਸਕਦੇ ਹੋ ਅਤੇ ਉਕਤ ਸਬੰਧੀ ਉਨ੍ਹਾਂ ਨੂੰ ਮਿਤੀ 24.03.2025 ਨੂੰ ਸਵੇਰੇ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਦੇ ਸਨਮੁੱਖ ਨਿੱਜੀ ਸੁਣਵਾਈ ਦਾ ਮੌਕਾ ਦਿਤਾ ਜਾਂਦਾ ਹੈ।

ਇਸ ਜਾਰੀ ਕੀਤੇ ਨੋਟਿਸ ਦੀ ਇਕ ਕਾਪੀ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਦੇ ਉਕਤ ਕਬਜੇ ਵਾਲੀ ਜਗ੍ਹਾ ਤੇ ਬਣਾਏ ਘਰ ਦੇ ਬਾਹਰ ਚੱਸਪਾ ਕਰ ਦਿੱਤੀ ਗਈ ਅਤੇ ਇਕ ਕਾਪੀ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਦੇ ਪੁਲਿਸ ਵਿਭਾਗ ਵੱਲੋਂ ਦਿੱਤੇ ਪਤੇ ਉਪਰ ਰਜਿਸਟਰਡ ਡਾਕ ਰਾਹੀਂ ਭੇਜ ਦਿੱਤੀ ਗਈ (ਜੋ ਕਿ ਬਾਅਦ ਵਿੱਚ ਇਸ ਦਫਤਰ ਵਿੱਚ ਡਾਕ ਵਿਭਾਗ ਵੱਲੋਂ ਸਹੀ ਪੱਤੇ ਨਾ ਹੋਣ ਦਾ ਵੇਰਵਾ ਦਿੰਦੇ ਹੋਏ ਵਾਪਸ ਭੇਜ ਦਿੱਤੀ ਗਈ) ਅਤੇ ਇਸ ਜਾਰੀ ਕੀਤੇ ਨੋਟਿਸ ਨੂੰ ਨਗਰ ਨਿਗਮ, ਕਪੂਰਥਲਾ ਦੀ ਵੈਬ-ਸਾਇਟ ਤੇ ਅਪਲੋਡ ਕਰ ਦਿੱਤਾ ਗਿਆ ਅਤੇ ਇਸ ਜਾਰੀ ਕੀਤੇ ਗਏ ਨੋਟਿਸ ਦੀ ਜਾਣਕਾਰੀ ਮਾਨਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਦੇ ਦਫਤਰ ਦੀ ਈ-ਮੇਲ ਆਈ.ਡੀ ਤੇ ਭੇਜ ਦਿੱਤੀ ਗਈ ਸੀ।

ਅੱਜ ਮਿਤੀ 24.03.2025 ਨੂੰ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਕਾਬਜਕਰਤਾ ਜਾਂ ਉਸ ਦਾ ਕੋਈ ਨੁਮਾਇੰਦਾ ਨਿਰਧਾਰਤ ਨਿੱਜੀ ਸੁਣਵਾਈ ਦੇ ਸਮੇਂ ਹਾਜਰ ਨਾ ਹੋਇਆ, ਪਰ ਸ਼੍ਰੀਮਤੀ ਸਵਰਨ ਕੌਰ ਪੱਤਨੀ ਆਸਾ ਸਿੰਘ, ਵਾਸੀ ਪਿੰਡ ਨਵਾਂਪਿੰਡ ਭੱਠਾ, ਜਿਲ੍ਹਾ ਕਪੂਰਥਲਾ ਵੱਲੋਂ ਮਿਤੀ 21.03.2025 ਦੀ ਦਿੱਤੀ ਦਰਖਾਸਤ ਅੱਜ ਪ੍ਰਾਪਤ ਹੋਈ, ਜਿਸ ਵਿੱਚ ਉਨ੍ਹਾਂ ਵੱਲੋਂ ਲਿਖਿਆ ਕਿ ਇਸ ਦਫਤਰ ਵੱਲੋਂ ਉਸ ਦੀ ਨੂੰਹ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ ਨੂੰ ਭੇਜਿਆ ਗਿਆ ਹੈ ਅਤੇ ਕਬਜੇ ਵਾਲੀ ਜਗਾਂ ਦੇ ਮਲਕੀਤੀ ਦਸਤਾਵੇਜ ਪੇਸ਼ ਕਰਨ ਲਈ

Created with Scanner Mini

ਕਿਹਾ ਗਿਆ ਹੈ।ਉਨ੍ਹਾਂ ਵਲੋਂ ਇਹ ਵੀ ਲਿਖਿਆ ਗਿਆ ਕਿ ਉਸਦੀ ਨੂੰਹ ਲਖਵਿੰਦਰ ਕੌਰ ਕਿਸੇ ਮੁਕੱਦਮੇ ਵਿੱਚ ਬੰਦ ਹਵਾਲਾਤ ਮਾਡਰਨ ਜੇਲ, ਕਪੂਰਥਲਾ ਵਿਖੇ ਹੈ ਅਤੇ ਉਕਤ ਮਕਾਨ ਜੋ ਕਿ ਉਸਦੇ ਬੇਟੇ ਸਵਰਗ ਵਾਸੀ ਬਲਵਿੰਦਰ ਸਿੰਘ ਨੇ ਧੱਕਾ ਕਲੋਨੀ, ਕਪੂਰਥਲਾ ਵਿਖੇ ਬਣਾਇਆ ਸੀ।ਉਸ ਵਿੱਚ ਹੀ ਸ਼ਾਦੀ ਤੋਂ ਬਾਅਦ ਉਸਦੀ ਨੂੰਹ ਲਖਵਿੰਦਰ ਕੌਰ ਅਤੇ ਉਸ ਦੇ ਤਿੰਨ ਬੱਚੇ ਦੋ ਲੜਕੇ ਅਤੇ ਇਕ ਲੜਕੀ ਰਹਿੰਦੇ ਹਨ ਅਤੇ ਉਸ ਦੇ ਬੇਟੇ ਬਲਵਿੰਦਰ ਸਿੰਘ ਪੁੱਤਰ ਆਸਾ ਸਿੰਘ ਦੀ ਮੌਤ ਹੋ ਚੁਕੀ ਹੈ ਅਤੇ ਬੱਚਿਆਂ ਨੂੰ ਸਿਰ ਢੱਕਣ ਲਈ ਕੋਈ ਹੋਰ ਛੱਤ ਨਾ ਹੈ ਅਤੇ ਬੱਚੇ ਉਕਤ ਮਕਾਨ ਵਿੱਚ ਰਹਿਣ ਤੇ ਹੀ ਆਪਣਾ ਗੁਜਾਰਾ ਕਰ ਰਹੇ ਹਨ।ਉਨ੍ਹਾਂ ਵੱਲੋਂ ਇਹ ਵੀ ਲਿਖਿਆ ਹੈ ਕਿ ਉਸ ਦੀ ਨੂੰਹ ਲਖਵਿੰਦਰ ਕੌਰ ਨੇ ਉਕਤ ਜਗ੍ਹਾ ਸਬੰਧੀ ਮਾਨਯੋਗ ਅਦਾਲਤ, ਕਪੂਰਥਲਾ ਵਿਖੇ ਇਕ ਦੀਵਾਨੀ ਦਾਵਾ " ਲਖਵਿੰਦਰ ਕੌਰ ਬਨਾਮ ਮਿਊਂਸਪਲ ਕਾਰਪੋਰੇਸ਼ਨ ਕਪੂਰਥਲਾ " ਵੀ ਦਾਇਰ ਕੀਤਾ ਹੋਇਆ ਹੈ ਜੋ ਕਿ ਮਾਨਯੋਗ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਉਸ ਵਿੱਚ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ ਹੈ ਅਤੇ ਇਸ ਤੋਂ ਇਲਾਵਾ ਇਹ ਵੀ ਲਿਖਿਆ ਹੈ ਕਿ ਉਸਦੀ ਨੂੰਹ ਲਖਵਿੰਦਰ ਕੌਰ ਜਦੋਂ ਮਾਡਰਨ ਜੇਲ ਕਪੂਰਥਲਾ ਵਿਚੋਂ ਬਾਹਰ ਆਵੇਗੀ ਤਾਂ ਉਕਤ ਨੋਟਿਸ ਦਾ ਜਵਾਬ ਪੇਸ਼ ਕਰ ਦੇਵੇਗੀ ਅਤੇ ਜੱਦ ਤੱਕ ਉਹ ਉਕਤ ਮਕਾਨ ਸਬੰਧੀ ਕੋਈ ਦਸਤਾਵੇਜ ਜਾਂ ਨੋਟਿਸ ਦਾ ਜਵਾਬ ਪੇਸ਼ ਨਹੀਂ ਕਰਦੀ, ਉਸ ਸਮੇਂ ਤੱਕ ਨੋਟਿਸ ਤੇ ਕੋਈ ਕਾਰਵਾਈ ਨਾ ਕੀਤੀ ਜਾਵੇ।ਇਸ ਪ੍ਰਾਪਤ ਹੋਏ ਜਵਾਬ ਵਿੱਚ ਉਕਤ ਕਬਜੇ ਵਾਲੀ ਪ੍ਰਾਪਰਟੀ ਦਾ ਕੋਈ ਵੀ ਮਲਕੀਤੀ ਦਸਤਾਵੇਜ ਨੱਥੀ ਨਾ ਕੀਤਾ ਗਿਆ ਹੈ ਅਤੇ ਨਾ ਹੀ " ਲਖਵਿੰਦਰ ਕੌਰ ਬਨਾਮ ਮਿਊਂਸਪਲ ਕਾਰਪੋਰੇਸ਼ਨ ਕਪੂਰਥਲਾ " ਦੇ ਕੋਰਟ ਕੇਸ ਦਾ ਕੋਈ ਦਸਤਾਵੇਜ ਨੱਥੀ ਕੀਤਾ ਗਿਆ ਹੈ ।

ਨਗਰ ਨਿਗਮ, ਪੱਧਰ ਤੇ ਕੋਰਟ ਕੇਸਾਂ ਨੂੰ ਡੀਲ ਕਰਨ ਲਈ ਨਿਯੁਕਤ ਕੀਤੇ ਗਏ ਵਕੀਲ ਸਾਹਿਬਾਨ ਪਾਸੋਂ ਉਕਤ ਕੇਸ ਸਬੰਧੀ ਰਿਪੋਰਟ ਮੰਗੀ ਗਈ ਜਿਸ ਸਬੰਧੀ ਉਨ੍ਹਾਂ ਲਿਖਿਆ ਗਿਆ ਕਿ ਉਨ੍ਹਾਂ ਦੇ ਰਿਕਾਰਡ ਅਨੁਸਾਰ ਉਕਤ ਨਾਮ ਦਾ ਕੋਈ ਕੋਰਟ ਕੇਸ ਨਾ ਤੇ ਲੰਬਿਤ ਹੈ ਅਤੇ ਨਾ ਹੀ ਉਕਤ ਸਬੰਧੀ ਕੋਈ ਫੈਸਲਾ ਹੋਇਆ ਹੈ ਅਤੇ ਇਹ ਵੀ ਲਿਖਿਆ ਹੈ ਕਿ ਉਨ੍ਹਾ ਵੱਲੋਂ ਈ-ਕੋਰਟਸ ਸਰਵੀਸਿਸ ਤੇ ਆਨ-ਲਾਇਨ ਭਾਲ ਕਰਨ ਤੇ ਪਾਇਆ ਕਿ ਉਕਤ ਕੇਸ ਮਿਤੀ 21.03.2025 ਨੂੰ ਮਾਨਯੋਗ ਅਦਾਲਤ ਵਿੱਚ ਦਾਇਰ ਕੀਤੀ ਗਿਆ ਹੈ ਜਿਸ ਦਾ ਨੰ.251/2025 ਹੈ ਅਤੇ ਸੀ.ਐਨ.ਆਰ ਨੰ.**PBKPO20002452025** ਹੈਂ ਅਤੇ ਸਿਵਲ ਜੱਜ ਸੀਨੀਅਰ ਡਵੀਜਨ-2 ਜੀ ਦੇ ਸਨਮੁੱਖ ਇਸ ਕੇਸ ਦੀ ਅਗਲੀ ਮਿਤੀ 28.04.2025 ਹੈ।

ਉਪਰੋਕਤ ਤੱਥਾ ਨੂੰ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਏ ਹਨ ਕਿ ਉਕਤ ਪ੍ਰਾਪਰਟੀ ਜਿੱਥੇ ਸ਼੍ਰੀਮਤੀ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਕਾਬਜ ਹੈ।ਉਹ ਜਗ੍ਹਾ ਰੈਵੀਨਿਊਂ ਵਿਭਾਗ ਦੀ ਰਿਪੋਰਟ/ਫਰਦ ਜਮਾਂਬੰਦੀ ਅਨੁਸਾਰ ਮਾਲਕੀ ਪੰਜਾਬ ਸਰਕਾਰ ਦੀ ਹੈ ਅਤੇ ਖਾਨਾ ਕਾਸ਼ਤ ਵਿੱਚ ਮਕਬੂਜਾ ਮਹਿਕਮਾ, ਨਗਰ ਪਾਲਿਕਾ ਦਰਜ ਹੈ।ਇਸ ਤਰ੍ਹਾਂ ਇਹ ਬਣੀ ਹੋਈ ਸਾਰੀ ਉਸਾਰੀ ਰਾਜੀਨਾਮਾ ਕਰਨਯੋਗ ਨਾ ਹੈ ਅਤੇ ਇਸ ਅਣ-ਅਧਿਕਾਰਤ ਉਸਾਰੀ ਨੂੰ ਨਗਰ ਨਿਗਮ ਐਕਟ 1976 ਦੀ ਧਾਰਾ 246(1) ਅਧੀਨ ਗਿਰਾਇਆ ਜਾਣਾ ਬਣਦਾ ਹੈ।ਸ਼੍ਰੀਮਤੀ ਸਵਰਨ ਕੌਰ ਵੱਲੋਂ ਜੋ ਉਕਤ ਪ੍ਰਾਪਰਟੀ ਸਬੰਧੀ ਇਸ ਦਫਤਰ ਵੱਲੋਂ ਭੇਜੇ ਗਏ ਨੋਟਿਸ ਦਾ ਜੋ ਜਵਾਬ ਇਸ ਦਫਤਰ ਵਿਖੇ ਦਿੱਤਾ ਹੈ।ਉਸ ਨਾਲ ਉਨ੍ਹਾਂ ਵੱਲੋਂ ਉਕਤ ਪ੍ਰਾਪਰਟੀ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਮਲਕੀਤੀ ਦਸਤਾਵੇਜ ਨੱਥੀ ਨਾ ਕੀਤਾ ਹੈ ਅਤੇ ਨਾ ਹੀ ਕੋਰਟ ਕੇਸ ਦਾ ਕੋਈ ਦਸਤਾਵੇਜ ਜਵਾਬ ਵਿੱਚ ਸ਼ਾਮਲ ਕੀਤਾ ਹੈ ਅਤੇ ਨਾ ਹੀ ਮਾਨਯੋਗ ਅਦਾਲਤ ਵੱਲੋਂ ਇਸ ਕੇਸ ਦੇ ਸਬੰਧ ਵਿੱਚ ਸਟੇਟਸਕੋ/ ਸਟੇ ਜਾਰੀ ਕਰਨ ਸਬੰਧੀ ਕੀਤੇ ਗਏ ਹੁਕਮਾਂ ਦੀ ਕਾਪੀ ਨੱਥੀ ਕੀਤੀ ਹੈ।

Created with Scanner Mini

ਇਸ ਲਈ ਉਕਤ ਪ੍ਰਾਪਤ ਜਵਾਬ ਨੂੰ ਦਾਖਲ ਦਫਤਰ ਕਰਦੇ ਹੋਏ ਮੈਂ ਵਰਿੰਦਰਪਾਲ ਸਿੰਘ ਬਾਜਵਾ, ਪੀ.ਸੀ.ਐਸ, ਕਮਿਸ਼ਨਰ,ਨਗਰ ਨਿਗਮ, ਕਪੂਰਥਲਾ ਹੁਕਮ ਜਾਰੀ ਕਰਦਾ ਹਾਂ ਕਿ ਸ਼੍ਰੀਮਤੀ ਲਖਵਿੰਦਰ ਕੋਰ ਪਤਨੀ ਬਲਵਿੰਦਰ ਸਿੰਘ, ਵਾਸੀ ਧੱਕਾ ਕਲੋਨੀ, ਕਪੂਰਥਲਾ, ਵੱਲੋਂ ਜੋ ਉਕਤ ਸਰਕਾਰੀ ਜਗ੍ਹਾ ਤੇ ਨਜਾਇਜ ਕਬਜਾ ਕਰਕੇ ਉਸਾਰੀ ਕੀਤੀ ਹੈ, ਉਸ ਨੂੰ ਆਪਣੇ ਪੱਧਰ ਤੇ 15 ਦਿਨਾਂ ਦੇ ਅੰਦਰ -ਅੰਦਰ ਪੂਰੀ ਤਰ੍ਹਾਂ ਖਾਲੀ ਕਰਕੇ ਗਿਰਾ ਦਿੱਤਾ ਜਾਵੇ, ਨਹੀਂ ਤਾਂ ਵਿਭਾਗ ਵੱਲੋਂ ਉਕਤ ਕਬਜੇ ਵਾਲੀ ਅਣ-ਅਧਿਕਾਰਤ ਉਸਾਰੀ ਨੂੰ ਬਿਨ੍ਹਾਂ ਕੋਈ ਹੋਰ ਸਮਾਂ ਦਿੱਤੇ ਗਿਰਾ ਦਿੱਤਾ ਜਾਵੇਗਾ।

ਕਮਿਸ਼ਨਰ,
ਨਗਰ ਨਿਗਮ, ਕਪੂਰਥਲਾ।

ਪਿੱਠ ਅੰਕਣ ਨੰ: 9708-09

ਮਿਤੀ: 25/3/25

ਉਪਰੋਕਤ ਦਾ ਇੱਕ ਉਤਾਰਾ:-

1) ਮਾਨਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।
2) ਮਿਉਂਸਪਲ ਟਾਊਂਨ ਪਲੈਨਰ, ਨਗਰ ਨਿਗਮ, ਕਪੂਰਥਲਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਮਿਸ਼ਨਰ,
ਨਗਰ ਨਿਗਮ, ਕਪੂਰਥਲਾ।

ttps://ma

Created with Scanner Mini

ਨੋਟਿਸ ਨੰ: 249/ATP ਮਿਤੀ 25/3/25 ਡਾਇਰੀ ਨੰ 2707
ਮਿਤੀ 25/3/25 [illegible] ਕਰ ਦਿੱਤਾ ਪ੍ਰਾਪਤ
[signature] 25/3/25





Created with Scanner Mini